# ਜਮਾਤ - ਛੇਵੀਂ

## ਯੂਨਿਟ - ਪਹਿਲਾ

### ਸਿਲੇਬਸ

ਪਾਠ-1 ਮੇਰੀ ਮਾਂ-ਪੰਜਾਬੀ ਬੋਲੀ (ਕਵਿਤਾ)
ਪਾਠ-2 ਅਕਲ ਦੀ ਟਿਊਸ਼ਨ (ਪਾਠ)
ਪਾਠ-3 ਮੁਕਾਬਲੇ (ਪਾਠ)
ਪਾਠ-4 ਰਾਮ-ਪੂੰਜੀ (ਕਹਾਣੀ)
ਪਾਠ-5 ਖ਼ੂਬਸੂਰਤ ਸ਼ਹਿਰ: ਚੰਡੀਗੜ੍ਹ ਦੀ ਸੈਰ (ਲੇਖ)
ਪਾਠ-6 ਬਾਬਾ ਬੁੱਢਾ ਜੀ (ਜੀਵਨੀ ਗਦ ਰੂਪ 'ਚ)

**ਵਿਆਕਰਨ:-** ਭਾਸ਼ਾ ਜਾਂ ਬੋਲੀ, ਵਿਆਕਰਨ ਅਤੇ ਲਿਪੀ, ਲਗਾਂ ਤੇ ਲਗਾਖਰ, ਅੱਖਰ ਬੋਧ, ਸ਼ਬਦ ਬੋਧ, ਵਾਕ ਬੋਧ, ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਅਸ਼ੁੱਧ-ਸ਼ੁੱਧ, ਅਗੇਤਰ-ਪਿਛੇਤਰ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਮੁਹਾਵਰੇ, ਸਮਾਨਾਰਥਕ ਸ਼ਬਦ, ਵਿਸ਼ਰਾਮ ਚਿੰਨ੍ਹ,

ਲੇਖ - 1. ਸ੍ਰੀ ਗੁਰੂ ਨਾਨਕ ਦੇਵ ਜੀ

2. ਹੋਲੀ
3. ਪ੍ਰਦੂਸ਼ਣ ਦੀ ਸਮੱਸਿਆ

ਅਰਜ਼ੀਆਂ – 1. ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਆਪਣੀ ਆਰਥਿਕ ਤੰਗੀ ਦੱਸ ਕੇ ਫ਼ੀਸ ਮੁਆਫ਼ੀ ਲਈ ਬੇਨਤੀ ਪੱਤਰ ਲਿਖੋ।

2. ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜ਼ਰੂਰੀ ਕੰਮ ਦੀ ਅਰਜ਼ੀ ਲਿਖੋ।

3. ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ ਪੱਤਰ ਲਿਖੋ।

ਪਾਠ-1

# ਮੇਰੀ ਮਾਂ - ਪੰਜਾਬੀ ਬੋਲੀ

**ਪੂਰਵ ਗਿਆਨ ਪਰੀਖਿਆ :-** 1. ਬੱਚਿਓ ਸਾਡੀ ਮਾਂ ਬੋਲੀ ਕਿਹੜੀ ਹੈ?
2. ਮਾਂ ਬੋਲੀ ਕਿਸਨੂੰ ਆਖਦੇ ਹਨ?
3. ਪੰਜ-ਪਾਣੀਆਂ ਦੀ ਧਰਤੀ ਤੋਂ ਕੀ ਭਾਵ ਹੈ?

**ਸ਼ਬਦਾਵਲੀ :-** ਦਾਤਾਰ, ਸ਼ੁਮਾਰ, ਪਹਿਰੇਦਾਰ, ਸਿਫ਼ਤ, ਗੁਰੂਆਂ

**ਸਮੱਗਰੀ :-** ਚਾਕ, ਡਸਟਰ, ਬਲੈਕ-ਬੋਰਡ, ਪਾਠ-ਪੁਸਤਕ

**ਗਤੀਵਿਧੀਆਂ :-** ਜਮਾਤ ਵਿੱਚ ਅਧਿਆਪਕ ਵੱਲੋਂ ਕਵਿਤਾ ਨੂੰ ਲੈਅ ਵਿੱਚ ਗਾਇਆ ਜਾਵੇਗਾ। ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀਆਂ ਸਿਫ਼ਤਾਂ ਦੱਸੀਆਂ ਜਾਣਗੀਆਂ। ਪੰਜਾਬੀ ਸਾਹਿਤ ਦੇ ਰੂਪਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਅਧਿਆਪਕ ਵਿਦਿਆਰਥੀਆਂ ਨੂੰ ਕਵਿਤਾ ਜਾਂ ਗੀਤ ਲਿਖਣ ਲਈ ਪ੍ਰੇਰਿਤ ਕਰੇਗਾ। ਬੱਚਿਆਂ ਨੂੰ ਸਾਰੀਆਂ ਭਾਸ਼ਾਵਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ ਜਾਵੇਗੀ।

**ਉਦੇਸ਼ :-** 1. ਬੱਚਿਆਂ ਨੂੰ ਮਾਤ-ਭਾਸ਼ਾ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।

2. ਪੰਜਾਬੀ ਭਾਸ਼ਾ ਦੀ ਦੇਣ ਅਤੇ ਸਾਹਿਤ ਰੂਪਾਂ ਬਾਰੇ ਦੱਸਿਆ ਜਾਵੇਗਾ।

3. ਵਿਦਿਆਰਥੀ ਗਤੀਵਿਧੀ - ਬੱਚੇ ਜਮਾਤ ਵਿੱਚ ਮਾਤ-ਭਾਸ਼ਾ ਨਾਲ ਸੰਬੰਧਿਤ ਭਾਸ਼ਣ ਧਿਆਨ ਨਾਲ ਸੁਣਨਗੇ। ਪੰਜਾਬੀ ਭਾਸ਼ਾ ਦੀਆਂ ਚਾਰ ਉਪ-ਭਾਸ਼ਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇੱਕ-ਇੱਕ ਕਰਕੇ ਸਾਰੇ ਬੱਚੇ ਆਪਣੀ ਲਿਖੀ ਕਵਿਤਾ ਪੜ੍ਹਨਗੇ। ਇਸ ਨਾਲ ਜਮਾਤ ਵਿੱਚ ਸਾਰੇ ਬੱਚੇ ਬੜੇ ਉਤਸ਼ਾਹ ਨਾਲ ਆਪਣਾ ਯੋਗਦਾਨ ਦੇਣਗੇ।

ਦੁਹਰਾਈ - ਬੱਚਿਆਂ ਨੂੰ ਆਪਣੇ-ਆਪ ਪੰਜਾਬੀ ਭਾਸ਼ਾ ਵਿੱਚ ਗੀਤ ਜਾਂ ਕਵਿਤਾ ਲਿਖਣ ਲਈ ਪ੍ਰੇਰਿਆ ਜਾਵੇਗਾ। ਔਖੇ ਸ਼ਬਦਾਂ ਦੇ ਅਰਥ ਦੱਸ ਕੇ ਚੰਗੀ ਤਰ੍ਹਾਂ ਸਮਝਾਇਆ ਜਾਵੇਗਾ।

ਘਰ ਦਾ ਕੰਮ :- ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਪਾਠ ਦੇ ਅਰੰਭ 'ਤੇ ਤਸਵੀਰ ਬਣਾ ਕੇ ਲਿਆਉਣ ਲਈ ਕਿਹਾ ਜਾਵੇਗਾ। ਸ਼ਬਦ-ਅਰਥ, ਵਾਕ-ਬਣਾਉ, ਖਾਲੀ ਥਾਵਾਂ ਤੇ ਪ੍ਰਸ਼ਨ-ਉੱਤਰ ਕਾਪੀਆਂ 'ਤੇ ਲਿਖਣ ਲਈ ਕਿਹਾ ਜਾਵੇਗਾ।

## ਪਾਠ-2 ਅਕਲ ਦੀ ਟਿਊਸ਼ਨ

**ਪੂਰਵ ਗਿਆਨ ਪ੍ਰੀਖਿਆ:-**

1. ਬੱਚਿਓ ਤੁਹਾਡੇ ਵਿੱਚੋਂ ਟਿਊਸ਼ਨ ਕੌਣ-ਕੌਣ ਜਾਂਦਾ ਹੈ?
2. ਕੀ ਤੁਹਾਡੇ ਮਾਤਾ-ਪਿਤਾ ਤੁਹਾਨੂੰ ਟਿਊਸ਼ਨ ਭੇਜ ਕੇ ਖੁਸ਼ ਹੁੰਦੇ ਹਨ?
3. ਕਿਹੜੇ ਬੱਚੇ ਟਿਊਸ਼ਨ ਪੜ੍ਹਨ ਵਿਚ ਵਿਸ਼ਵਾਸ ਨਹੀਂ ਰੱਖਦੇ?

**ਸ਼ਬਦਾਵਲੀ:-** ਔਖੀ ਸ਼ਬਦਾਵਲੀ ਤੇ ਖਾਸ ਧਿਆਨ ਦਿੱਤਾ ਜਾਵੇਗਾ। ਜਿਵੇਂ:- ਸਵੈ-ਅਧਿਐਨ, ਭੇਡਚਾਲ, ਟਿਊਸ਼ਨ, ਮਨੋ-ਮਨੀ।

**ਸਮੱਗਰੀ:-** ਚਾਕ, ਡਸਟਰ, ਬਲੈਕ-ਬੋਰਡ, ਪਾਠ-ਪੁਸਤਕ

**ਗਤੀਵਿਧੀਆਂ:-** ਅਧਿਆਪਕ ਜਮਾਤ ਵਿਚ ਪਾਠ-ਪੜ੍ਹਾਉਣ ਤੋਂ ਪਹਿਲਾਂ ਬੱਚਿਆਂ ਨੂੰ ਇਹ ਜਾਣਕਾਰੀ ਦੇਵੇਗਾ ਕਿ ਜੋ ਵਿਦਿਆਰਥੀ ਸਵੈ-ਅਧਿਐਨ ਭਾਵ ਆਪਣਾ ਕੰਮ ਆਪ ਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ, ਉਨ੍ਹਾਂ ਨੂੰ ਕਿਸੇ ਟਿਊਸ਼ਨ ਦੀ ਲੋੜ ਨਹੀਂ ਪੈਂਦੀ। ਪਾਠ ਪੜ੍ਹਾਉਣ ਤੋਂ ਬਾਅਦ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਜਾਂ ਹੋਰ

ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ।

ਉਦੇਸ਼:— 1. ਬੱਚਿਆਂ ਨੂੰ 'ਅਕਲ ਦੀ ਟਿਊਸ਼ਨ' ਬਾਰੇ ਪ੍ਰੇਰਿਤ ਕੀਤਾ ਜਾਵੇਗਾ।
2. ਬਾਹਰੋਂ ਟਿਊਸ਼ਨ ਦੀ ਆਦਤ ਹਟਾ ਕੇ ਸਵੈ-ਅਧਿਐਨ ਭਾਵ ਆਪਣੇ-ਆਪ ਪੜ੍ਹਾਈ ਕਰਨ ਦੀ ਆਦਤ ਪਾਈ ਜਾਵੇਗੀ।

ਵਿਦਿਆਰਥੀ ਗਤੀਵਿਧੀ:— ਅਧਿਆਪਕ ਵਲੋਂ ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਆਪਣੇ ਦਿਮਾਗ ਨਾਲ ਪੜ੍ਹਨ ਵਾਲੇ ਬੱਚੇ ਹਮੇਸ਼ਾ ਸਫ਼ਲ ਹੁੰਦੇ ਹਨ, ਜਿਸ ਨੂੰ ਸੁਣ ਕੇ ਬੱਚੇ ਆਪਣੇ ਘਰ ਵਿੱਚ ਸਵੈ-ਅਧਿਐਨ ਦੁਆਰਾ ਪੜ੍ਹਾਈ ਕਰਨ ਲਈ ਟਾਈਮ-ਟੇਬਲ ਦਾ ਚਾਰਟ ਬਣਾ ਕੇ ਲਿਆਉਣਗੇ।

ਦੁਹਰਾਈ:— ਬੱਚਿਆਂ ਨੂੰ ਅਕਲ ਦੀ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਸਾਰੇ ਬੱਚੇ ਪਾਠ ਵਿੱਚ ਖੁਦ ਪ੍ਰਸ਼ਨ ਬਣਾ ਕੇ ਉੱਤਰ ਲਿਖਕੇ ਲਿਆਉਣਗੇ।

ਘਰ ਦਾ ਕੰਮ:— ਬੱਚਿਆਂ ਨੂੰ ਘਰ ਤੋਂ ਪਾਠ ਵਿੱਚ ਔਖੇ ਸ਼ਬਦ, ਸ਼ਬਦ-ਅਰਥ, ਪ੍ਰਸ਼ਨ-ਉੱਤਰ ਤੇ ਵਾਕ ਬਣਾ ਕੇ ਲਿਆਉਣ ਲਈ ਕਿਹਾ ਜਾਵੇਗਾ।

ਜਮਾਤ - ਛੇਵੀਂ

ਵਿਆਕਰਨ

ਪੂਰਵ ਗਿਆਨ ਪਰੀਖਿਆ :- 1. ਬੱਚਿਓ ਆਪਣੀ ਮਾਤ-ਭਾਸ਼ਾ ਕਿਹੜੀ ਹੈ?
2. ਤੁਹਾਡੇ ਵਿੱਚੋਂ ਕਿਹੜੇ ਬੱਚੇ ਨੂੰ ੳ ਤੋਂ ੜ ਤੱਕ ਵਰਨਮਾਲਾ ਲਿਖਣੀ ਆਉਂਦੀ ਹੈ।
3. ਪੰਜਾਬੀ ਭਾਸ਼ਾ ਦੀਆਂ ਕਿੰਨੀਆਂ ਉਪ-ਭਾਸ਼ਾਵਾਂ ਹਨ?

ਸਮੱਗਰੀ :- ਚਾਕ, ਬਲੈਕ-ਬੋਰਡ, ਡਸਟਰ, ਚਾਰਟ, ਵਿਆਕਰਨ ਪੁਸਤਕ

ਵਿਸ਼ਾ :- ਭਾਸ਼ਾ, ਵਿਆਕਰਨ ਤੇ ਲਿਪੀ, ਲਗਾਂ ਤੇ ਲਗਾਖਰ, ਅੱਖਰ ਬੋਧ, ਸ਼ਬਦ-ਬੋਧ, ਵਾਕ ਬੋਧ, ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਅਰਜ਼ੀ, ਲੇਖ ਆਦਿ

ਉਦੇਸ਼ :- 1. ਬੱਚਿਆਂ ਨੂੰ ਚਾਰਟ ਦੀ ਮਦਦ ਨਾਲ ਉਪ-ਭਾਸ਼ਾਵਾਂ ਇਲਾਕੇ ਵਾਈਜ ਸਮਝਾਈਆਂ ਜਾਣਗੀਆਂ।
2. ਵਿਆਕਰਨ ਦੀ ਮੁੱਢਲੀ ਜਾਣਕਾਰੀ ਦੇ ਨਾਲ-ਨਾਲ ਬਲੈਕ ਬੋਰਡ ਰਾਹੀਂ ਗ੍ਰਾਫ ਬਣਾ ਕੇ ਅੱਖਰ ਬੋਧ, ਸ਼ਬਦ ਬੋਧ, ਵਾਕ ਬੋਧ ਤੇ ਅਰਥ ਬੋਧ ਸਮਝਾਏ ਜਾਣਗੇ।
3. ਬੱਚਿਆਂ ਨੂੰ ਸ਼ੁੱਧ ਪੰਜਾਬੀ ਪੜ੍ਹਨ, ਲਿਖਣ ਤੇ ਬੋਲਣ ਦਾ ਢੰਗ ਸਮਝਾਇਆ ਜਾਵੇਗਾ।

**ਅਧਿਆਪਕ ਗਤੀਵਿਧੀ :-** ਅਧਿਆਪਕ ਵੱਲੋਂ ਮਾਤ-ਭਾਸ਼ਾ ਬਾਰੇ ਦੱਸਣ ਤੋਂ ਬਾਅਦ ਨਾਗਟ, ਬਲੈਕ ਬੋਰਡ ਦੀ ਮਦਦ ਨਾਲ ਅਰਜ਼ੀਆਂ ਲਿਖਣ ਦਾ ਢੰਗ ਦੱਸਿਆ ਜਾਵੇਗਾ। ਉਹ ਵਿਸ਼ਰਾਮ ਚਿੰਨ੍ਹ ਵਿੱਚ ਵਾਕ ਦੇ ਠਹਿਰਾਓ, ਹੈਰਾਨੀ, ਖ਼ੁਸ਼ੀ ਆਦਿ ਦੇ ਚਿੰਨ੍ਹਾਂ ਬਾਰੇ ਦੱਸੇਗਾ।

**ਵਿਦਿਆਰਥੀ ਗਤੀਵਿਧੀ :-** ਬੱਚੇ ਪੰਜਾਬੀ ਦੀ ਵਿਆਕਰਨ ਪੁਸਤਕ ਵਿੱਚੋਂ ਰਧੀਆਂ ਤੇ ੳ ਤੋਂ ਲ ਤੱਕ ਲਿਖ ਕੇ ਲਿਆਉਣਗੇ। ਇੱਕ-ਇੱਕ ਕਰਕੇ ਬੱਚੇ ਜ਼ੁਬਾਨੀ ਟੈਸਟ ਵਿੱਚ ਭਾਗ ਲੈਣਗੇ।

**ਦੁਹਰਾਈ :-** ਬੱਚਿਆਂ ਤੋਂ ਬਲੈਕ ਬੋਰਡ ਉੱਪਰ ਅਰਜ਼ੀ ਦਾ ਢਾਂਚਾ ਲਿਖਵਾਇਆ ਜਾਵੇਗਾ।

**ਘਰ ਦਾ ਕੰਮ :-** ਸਾਰੇ ਬੱਚਿਆਂ ਨੂੰ ਘਰੋਂ ਵਰਨਮਾਲਾ ਯਾਦ ਕਰਕੇ ਆਉਣ ਲਈ ਕਿਹਾ ਜਾਵੇਗਾ। ਸਾਰੀਆਂ ਲਗਾਂ-ਮਾਤਰਾਵਾਂ, ਲਗਾਖਰ, ਉਪ ਬੋਲੀਆਂ, ਲੇਖ ਯਾਦ ਕਰਕੇ ਆਉਣ ਲਈ ਕਿਹਾ ਜਾਵੇਗਾ।

ਪਾਠ - ੫

# ਗਮ - ਪੂੰਜੀ (ਕਹਾਣੀ)

**ਪੂਰਵ ਗਿਆਨ ਪਰੀਖਿਆ** :- 1. ਸਾਨੂੰ ਕਿਹੋ - ਜਿਹੇ ਕੰਮਾਂ ਲਈ ਦਾਨ ਦੇਣਾ ਚਾਹੀਦਾ ਹੈ?

2. ਤੁਸੀਂ ਕਿਸੇ ਗ਼ਰੀਬ ਜਾਂ ਲੋੜਵੰਦ ਦੀ ਮਦਦ ਕਿਵੇਂ ਕਰਦੇ ਹੋ?

**ਸਮੱਗਰੀ** :- ਚਾਰਟ, ਤਸਵੀਰ, ਬਲੈਕ- ਬੋਰਡ ਅਤੇ ਪਾਠ- ਪੁਸਤਕ ।

**ਸ਼ਬਦਾਵਲੀ** :- ਭਲਾ, ਪੂੰਜੀ, ਵਕਤ, ਆਖ਼ਿਰ, ਉਤਸੁਕਤਾ ਆਦਿ।

**ਅਧਿਆਪਕ ਗਤੀਵਿਧੀ** :- ਅਧਿਆਪਕ ਵੱਲੋਂ ਬੱਚਿਆਂ ਨੂੰ ਨੇਕ ਕੰਮ ਕਰਨ ਦੇ ਫ਼ਾਇਦੇ ਦੱਸੇ ਜਾਣਗੇ। ਉਨ੍ਹਾਂ ਨੂੰ ਦੱਸਿਆ ਜਾਵੇਗਾ ਕਿ ਨੇਕ ਕੰਮਾਂ ਵਾਸਤੇ ਦਿੱਤਾ ਦਾਨ ਕਦੇ ਵਿਅਰਥ ਨਹੀਂ ਜਾਂਦਾ। ਬਾਬਾ ਨਾਨਕ ਜੀ ਨੇ ਵੀ 'ਵੰਡ ਕੇ ਛਕੋ' ਦਾ ਉਪਦੇਸ਼ ਦਿੱਤਾ ਹੈ।

**ਉਦੇਸ਼** :- 1. ਬੱਚਿਆਂ ਨੂੰ ਨੈਤਿਕ ਕਦਰਾਂ -ਕੀਮਤਾਂ ਬਾਰੇ ਪ੍ਰੇਰਿਤ ਕਰਨਾ।

2. ਬੱਚਿਆਂ ਨੂੰ ਲੋੜਵੰਦਾਂ ਦੀ ਮਦਦ ਕਰਨ ਲਈ ਉਤਸ਼ਾਹਿਤ ਕਰਨਾ।

3. ਨੇਕ ਕੰਮਾਂ ਲਈ ਦਾਨ ਦੇਣ ਲਈ ਪ੍ਰੇਰਿਤ ਕਰਨਾ।

**ਵਿਦਿਆਰਥੀ ਗਤੀਵਿਧੀ** :- ਬੱਚਿਆਂ ਨੂੰ ਕਾਪੀਆਂ ਉੱਤੇ ਆਪਣੇ ਮਾਤਾ - ਪਿਤਾ ਦੇ ਕੰਮ - ਕਾਰ ਤੇ ਉਨ੍ਹਾਂ ਵੱਲੋਂ ਕੀਤੇ ਕੰਮ - ਕਾਰ ਵਿੱਚ ਕਿੰਨੀ ਰਾਸ਼ ਪੂੰਜੀ ਲਗਾਈ ਹੈ ਲਿਖ ਕੇ ਲਿਆਉਣ ਲਈ ਕਿਹਾ ਜਾਵੇਗਾ। ਬੱਚੇ ਇਹ ਗਤੀਵਿਧੀ ਬੜੀ ਉਤਸੁਕਤਾ ਨਾਲ ਕਰਨਗੇ।

**ਦੁਹਰਾਈ** :- ਬੱਚੇ ਪਾਠ ਵਿਚਲੇ ਔਖੇ ਸ਼ਬਦ, ਸ਼ਬਦ-ਅਰਥ ਤੇ ਪ੍ਰਸ਼ਨ ਉੱਤਰਾਂ ਨੂੰ ਯਾਦ ਕਰਕੇ ਆਉਣਗੇ।

**ਘਰ ਦਾ ਕੰਮ** :- ਬੱਚਿਆਂ ਨੂੰ ਪਾਠ ਵਿਚਲੇ ਔਖੇ ਸ਼ਬਦ, ਸ਼ਬਦ- ਅਰਥ, ਪ੍ਰਸ਼ਨ- ਉੱਤਰ ਅਤੇ ਵਾਕ ਬਣਾ ਕੇ ਲਿਆਉਣ ਲਈ ਕਿਹਾ ਜਾਵੇਗਾ।

# ਪਾਠ - 5

## ਖ਼ੂਬਸੂਰਤ ਸ਼ਹਿਰ - ਚੰਡੀਗੜ੍ਹ ਦੀ ਸੈਰ

**ਪੂਰਵ ਗਿਆਨ ਪਰੀਖਿਆ :-** 1. ਬੱਚਿਓ ਪੰਜਾਬ ਪ੍ਰਾਂਤ ਦੀ ਰਾਜਧਾਨੀ ਕਿਹੜੀ ਹੈ?

2. ਚੰਡੀਗੜ੍ਹ ਤੋਂ ਸ਼ਿਮਲਾ ਕਿੰਨੀ ਦੂਰੀ 'ਤੇ ਹੈ?
3. ਚੰਡੀਗੜ੍ਹ, ਕਿਹੜੀਆਂ ਗੱਲਾਂ ਕਾਰਨ ਪ੍ਰਸਿੱਧ ਹੈ?

**ਸ਼ਬਦਾਵਲੀ :-** ਸੰਖੇਪ, ਰਾਜ, ਕਰਮਚਾਰੀ, ਇੱਕ ਪੰਥ ਦੋ ਕਾਜ ਆਦਿ।

**ਅਧਿਆਪਕ ਗਤੀਵਿਧੀ :-**

ਅਧਿਆਪਕ ਬੱਚਿਆਂ ਨੂੰ ਚੰਡੀਗੜ੍ਹ ਦੇ ਇਤਿਹਾਸ ਬਾਰੇ ਜਾਣਕਾਰੀ ਦੇਵੇਗਾ। ਕਿ ਕਿਸ ਤਰ੍ਹਾਂ ਦੇਸ਼ ਦੀ ਵੰਡ ਪਿੱਛੋਂ ਪੰਜਾਬ ਦੀ ਰਾਜਧਾਨੀ ਲਈ ਚੰਡੀਗੜ੍ਹ ਸ਼ਹਿਰ ਵਸਾਇਆ ਗਿਆ। ਚੰਡੀਗੜ੍ਹ ਸੈਕਟਰਾਂ ਵਿੱਚ ਵੰਡਿਆ ਹੋਇਆ ਹੈ। ਚੰਡੀਗੜ੍ਹ ਦੀ ਖ਼ੂਬਸੂਰਤੀ ਦੱਸਦੇ ਹੋਏ ਇਸ ਦੀ ਸੈਰ ਕਰਨ ਲਈ ਕਿਹਾ ਜਾਵੇਗਾ।

**ਉਦੇਸ਼ :-**

1. ਬੱਚਿਆਂ ਨੂੰ ਚੰਡੀਗੜ੍ਹ ਦੇ ਇਤਿਹਾਸ ਤੇ ਇਸ ਦੀਆਂ ਦੇਖਣਯੋਗ ਥਾਵਾਂ ਬਾਰੇ ਬੱਚਿਆਂ ਨੂੰ ਜਾਣੂ ਕਰਵਾਉਣਾ।
2. ਬੱਚਿਆਂ ਨੂੰ ਸੈਰ-ਸਪਾਟੇ ਦੀ ਅਹਿਮੀਅਤ ਬਾਰੇ

**ਵਿਦਿਆਰਥੀ ਗਤੀਵਿਧੀ:-** ਬੱਚੇ ਪਾਠ ਪੜ੍ਹ ਕੇ ਆਪਣੇ ਚੰਡੀਗੜ੍ਹ ਦੀ ਖ਼ੂਬਸੂਰਤੀ ਦਾ ਅਨੰਦ ਮਾਨਣਗੇ। ਉੱਥੇ ਦੀਆਂ ਪ੍ਰਸਿੱਧ ਥਾਵਾਂ ਉਨ੍ਹਾਂ ਨੂੰ ਹਮੇਸ਼ਾ ਯਾਦ ਰਹਿਣਗੀਆਂ ਜਿਵੇਂ ਕਿ ਰਾਕ ਗਾਰਡਨ, ਟੈਗੋਰ-ਥੀਏਟਰ, ਰੋਜ਼ ਗਾਰਡਨ, ਸੁਖਨਾ ਝੀਲ, ਪੀ.ਜੀ.ਆਈ., ਹਾਈ-ਕੋਰਟ, ਚੰਡੀ ਮੰਦਰ ਅਤੇ ਪੰਜਾਬ ਯੂਨੀਵਰਸਿਟੀ ਆਦਿ।

**ਦੁਹਰਾਈ:-** ਬੱਚਿਆਂ ਨੂੰ ਚੰਡੀਗੜ੍ਹ ਦੀ ਖ਼ੂਬਸੂਰਤੀ ਦੇ ਬਾਰੇ ਦੱਸਣ ਲਈ ਕਿਹਾ ਜਾਵੇਗਾ। ਇੱਕ-ਇੱਕ ਕਰਕੇ ਸਾਰੇ ਬੱਚੇ ਬੜੀ ਉਤਸੁਕਤਾ ਨਾਲ ਆਪਣੇ-ਆਪਣੇ ਵਿਚਾਰ ਦੱਸਣਗੇ।

**ਘਰ ਦਾ ਕੰਮ:-** ਬੱਚਿਆਂ ਨੂੰ ਘਰ ਤੋਂ ਚੰਡੀਗੜ੍ਹ ਦੀਆਂ ਵੇਖਣਯੋਗ ਥਾਵਾਂ ਨੂੰ ਆਪਣੀਆਂ ਕਾਪੀਆਂ ਤੇ ਤਸਵੀਰਾਂ ਦੀ ਮਦਦ ਨਾਲ ਗਤੀਵਿਧੀ ਬਣਾ ਕੇ ਲਿਆਉਣ ਲਈ ਕਿਹਾ ਜਾਵੇਗਾ।

## ਪਾਠ - 5
## ਬਾਬਾ ਬੁੱਢਾ ਜੀ

**ਪੂਰਵ ਗਿਆਨ ਪਰੀਖਿਆ :-** 1. ਬੱਚਿਓ ਸਿੱਖਾਂ ਦੇ ਕਿੰਨੇ ਗੁਰੂ ਹਨ?
2. ਪਹਿਲੇ ਗੁਰੂ ਦਾ ਨਾਮ ਕੀ ਹੈ?
3. ਬਾਬਾ ਬੁੱਢਾ ਜੀ ਕੌਣ ਸਨ?

**ਸ਼ਬਦਾਵਲੀ :-** ਤੇਗਾਂ, ਖਾਧੇ ਜਾਣਾ, ਕਿਰਤੀ, ਹੱਥੀਂ ਤਿਲਕ ਲਗਾਉਣਾ।

**ਸਮੱਗਰੀ :-** ਚਾਰਟ, ਡਸਟਰ, ਬਲੈਕ-ਬੋਰਡ, ਪਾਠ-ਪੁਸਤਕ।

**ਅਧਿਆਪਕ ਗਤੀਵਿਧੀ :-** ਅਧਿਆਪਕ ਦੁਆਰਾ ਬੱਚਿਆਂ ਨੂੰ ਕਵਿਤਾ ਪੜ੍ਹਨ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਬਾਬਾ ਬੁੱਢਾ ਜੀ ਦੀਆਂ ਗੁਰੂ ਘਰ ਵਿਚ ਦਿੱਤੀਆਂ ਸੇਵਾਵਾਂ ਬਾਰੇ ਦੱਸਿਆ ਜਾਵੇਗਾ। ਕਿ ਕਿਸ ਤਰ੍ਹਾਂ ਬਾਬਾ ਜੀ ਨੇ ਮਾਤਾ ਗੰਗਾ ਜੀ ਨੂੰ ਪੁੱਤਰ ਦੀ ਖੈਰ ਪਾਈ ਸੀ।

**ਉਦੇਸ਼ :-**
1. ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣਾ।
2. ਬਾਬਾ ਬੁੱਢਾ ਜੀ ਦੀ ਸਿੱਖ ਧਰਮ ਨੂੰ ਦੇਣ ਬਾਰੇ ਦੱਸਣਾ।

**ਵਿਦਿਆਰਥੀ ਗਤੀਵਿਧੀ :-** ਇੱਕ-ਇੱਕ ਕਰਕੇ ਬੱਚੇ ਕਵਿਤਾ ਨੂੰ ਲੈਅ ਵਿੱਚ ਪੜ੍ਹਨਗੇ। ਬਾਬਾ ਜੀ ਦੇ ਜੀਵਨ ਬਾਰੇ ਬੱਚੇ ਜਾਣਕਾਰੀ ਹਾਸਲ ਕਰਨਗੇ। ਸਿੱਖ ਧਰਮ ਦੇ ਸ਼ਾਨਮੱਤੇ ਇਤਿਹਾਸ ਬਾਰੇ ਬੱਚੇ ਜਾਣੂ ਹੋਣਗੇ। ਇਸ ਨਾਲ ਬੱਚਿਆਂ ਨੂੰ ਬਾਬਾ ਬੁੱਢਾ ਜੀ ਦੀਆਂ ਸੇਵਾਵਾਂ ਬਾਰੇ ਚੰਗੀ ਤਰ੍ਹਾਂ ਗਿਆਨ ਪ੍ਰਾਪਤ ਹੋ ਜਾਵੇਗਾ।

**ਦੁਹਰਾਈ :-** ਬੱਚੇ ਕਵਿਤਾ ਵਿਚਲੇ ਔਖੇ ਸ਼ਬਦ, ਸ਼ਬਦ-ਅਰਥ, ਪ੍ਰਸ਼ਨ-ਉੱਤਰ ਵਾਰ-ਵਾਰ ਦੁਹਰਾ ਕੇ ਯਾਦ ਕਰਨਗੇ। ਸਿੱਖ ਗੁਰੂਆਂ ਦੇ ਜੀਵਨ ਬਾਰੇ ਪ੍ਰਸ਼ਨ ਯਾਦ ਕਰਨਗੇ।

**ਘਰ ਦਾ ਕੰਮ :-** ਬੱਚਿਆਂ ਨੂੰ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਥਿਤ ਬੇਰੀ ਦੀ ਤਸਵੀਰ, ਬਣਾ ਕੇ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਆਪਣੀਆਂ ਕਾਪੀਆਂ ਵਿੱਚ ਲਿਖ ਕੇ ਲਿਆਉਣ ਬਾਰੇ ਕਿਹਾ ਜਾਵੇਗਾ।

ਜਮਾਤ - ਛੇਵੀਂ

ਯੂਨਿਟ - ਦੂਜਾ

## ਸਿਲੇਬਸ

ਪਾਠ-1 ਪੰਜਾਬੀਆਂ ਦਾ ਖਾਣ-ਪੀਣ (ਲੇਖ)

ਪਾਠ-2 ਜੀ ਕਰਦਾ ਮੈਂ ਰੁੱਖ ਬਣ ਜਾਵਾਂ (ਕਵਿਤਾ)

ਪਾਠ-3 ਇਨਾਮ (ਕਹਾਣੀ)

ਪਾਠ-4 ਨਸ਼ਿਆਂ ਦੀ ਮਾਰ (ਕਵਿਤਾ)

ਪਾਠ-5 ਮਾਹੌਲ ਬਦਲ ਗਿਆ (ਕਹਾਣੀ)

ਪਾਠ-6 ਰਿਸ਼ਵਤ ਖ਼ੋਰੀ ਨਹੀਂ ਚਲੇਗੀ (ਇਕਾਂਗੀ)

ਵਿਆਕਰਨ:- 1. ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਅਸ਼ੁੱਧ-ਸ਼ੁੱਧ, ਅਗੇਤਰ, ਪਿਛੇਤਰ, ਸਮਾਨਾਰਥਕ ਸ਼ਬਦ, ਪੜਨਾਂਵ, ਵਿਸ਼ੇਸ਼ਣ, ਮੁਹਾਵਰੇ, ਵਿਸ਼ਰਾਮ ਚਿੰਨ੍ਹ, ਚਿੱਤਰ ਵਰਨਣ, ਅਣਡਿੱਠਾ ਪੈਰ੍ਹਾ

ਲੇਖ- 1. ਸ੍ਰੀ ਗੁਰੂ ਤੇਗ ਬਹਾਦਰ ਜੀ

2. ਪੰਜਾਬ ਦੇ ਤਿਉਹਾਰ

3. ਮਾਤਾ ਗਣਤੰਤਰ ਦਿਵਸ

4. ਭਾਰਤ ਵਿੱਚ ਵਧਦੀ ਅਬਾਦੀ ਦੀ ਸਮੱਸਿਆ

ਚਿੱਠੀ ਪੱਤਰ

ਜਮਾਤ- ਛੇਵੀਂ

ਪਾਠ - 1. ਪੰਜਾਬੀਆਂ ਦਾ ਖਾਣ ਪੀਣ (ਲੇਖ)

**ਪੂਰਵ ਜਾਣਕਾਰੀ =**

ਪੂਰਵ ਗਿਆਨ ਪਰੀਖਿਆ ਲਈ ਬੱਚਿਆਂ ਤੋਂ ਹੇਠ ਲਿਖੇ ਪ੍ਰਸ਼ਨ ਪੁੱਛੇ ਜਾਣਗੇ।

ਤੁਸੀਂ ਕਿਹੜੇ ਰਾਜ ਵਿੱਚ ਰਹਿੰਦੇ ਹੋ?

ਤੁਹਾਡੀ ਮਨਪਸੰਦ ਖ਼ੁਰਾਕ ਕਿਹੜੀ ਹੈ?

ਪੰਜਾਬੀਆਂ ਦਾ ਸੁਭਾਅ ਕਿਹੋ-ਜਿਹਾ ਹੈ?

ਮੁੱਖ ਖ਼ੁਰਾਕ ਕਿਹੜੀ ਹੁੰਦੀ ਹੈ?

**ਸ਼ਬਦਾਵਲੀ =**

ਮੁੱਖ ਸ਼ਬਦਾਵਲੀ ਅਤੇ ਆਮ ਸ਼ਬਦਾਂ ਤੇ ਧਿਆਨ ਦਿੱਤਾ ਜਾਵੇਗਾ।

ਜਿਵੇਂ:- ਖੁੱਲ੍ਹਾ-ਡੁੱਲ੍ਹਾ, ਪ੍ਰਾਹੁਣਚਾਰੀ, ਅਖਵੱਤ, ਛੱਠਾਂ, ਸਮਾਗਮਾਂ

**ਸਮੱਗਰੀ =** ਚਾਕ, ਡਾਸਟਰ, ਮੀਰੇਤਰ, ਬਲੈਕ-ਬੋਰਡ, ਪਾਠ-ਪੁਸਤਕ

**ਅਧਿਆਪਕ ਗਤੀਵਿਧੀ -**

ਬੱਚਿਆਂ ਨੂੰ ਪਾਠ ਰੂਪਰੇਖਾ ਅਨੁਸਾਰ ਪੜ੍ਹਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਔਖੇ ਸ਼ਬਦਾਂ ਦੇ ਅਰਥ ਸਮਝਾਕੇ ਪਾਠ ਨੂੰ ਵਰਣਨ ਕੀਤਾ ਜਾਵੇਗਾ। ਬੱਚਿਆਂ ਨੂੰ ਪਾਠ ਨਾਲ

ਸੰਬੰਧਿਤ ਉਦਾਹਰਨਾਂ ਦੇ ਕੇ ਸਮਝਾਇਆ ਜਾਵੇਗਾ। ਅਧਿਆਪਕ ਪ੍ਰਸ਼ਨਾਂ ਦੇ ਉੱਤਰਾਂ ਦਾ ਵਿਸਥਾਰ ਪੂਰਵਕ ਵਰਣਨ ਕਰਨਗੇ।

**ਵਿਦਿਆਰਥੀ ਗਤੀਵਿਧੀ —**

ਬੱਚੇ ਪਾਠ ਨੂੰ ਵਾਰੋ-ਵਾਰੀ ਪੜ੍ਹਨਗੇ।

ਬੱਚੇ ਪਾਠ ਨੂੰ ਸਮਝਣਗੇ ਅਤੇ ਔਖੇ ਸ਼ਬਦਾਂ ਦੇ ਅਰਥ ਕਾਪੀਆਂ ਤੇ ਨੋਟ ਕਰਨਗੇ।

ਬੱਚੇ ਇਸ ਪਾਠ ਨਾਲ ਸੰਬੰਧਿਤ ਗਤੀਵਿਧੀ (ਨਾਟਕ) ਤਿਆਰ ਕਰਕੇ ਦਿਖਾਉਣਗੇ।

ਵਿਦਿਆਰਥੀ ਪ੍ਰਸ਼ਨਾਂ ਦੇ ਉੱਤਰ ਆਪਣੀ ਕਾਪੀ ਵਿੱਚ ਲਿਖਣਗੇ।

**ਉਦੇਸ਼**

| ਸਧਾਰਨ ਉਦੇਸ਼ | ਵਿਸ਼ੇਸ਼ ਉਦੇਸ਼ |
|---|---|
| ਵਿਦਿਆਰਥੀਆਂ ਨੂੰ ਦੱਸਣਾ ਕਿ ਪੰਜਾਬੀ ਆਪਣੇ ਖੁੱਲ੍ਹੇ ਖਾਣ-ਪੀਣ ਕਰਕੇ ਹੀ ਤਕੜੇ ਅਤੇ ਹਿੰਮਤੀ ਹਨ। | ਵਿਦਿਆਰਥੀਆਂ ਨੂੰ ਦੱਸਣਾ ਕਿ ਉੱਤਰ ਵੱਲੋਂ ਜਿੰਨੇ ਵੀ ਹਮਲਾਵਰ ਆਏ, ਉਨ੍ਹਾਂ ਨੂੰ ਪਹਿਲਾਂ ਪੰਜਾਬੀਆਂ ਨਾਲ ਟੱਕਰ ਲੈਣੀ ਪਈ। ਇਸ ਕਰਕੇ ਪੰਜਾਬੀ ਦਲੇਰ, ਨਿਡਰ ਅਤੇ ਬਹਾਦਰ ਹਨ। ਇਸ ਕਰਕੇ ਉਨ੍ਹਾਂ ਦਾ ਖਾਣ-ਪੀਣ ਵੀ ਖੁੱਲ੍ਹਾ-ਡੁੱਲ੍ਹਾ ਹੈ। |

## ਦੁਹਰਾਈ

1. ਪੰਜਾਬੀਆਂ ਦੀ ਮਨ-ਭਾਉਂਦੀ ਖ਼ੁਰਾਕ ਕੀ ਹੈ?
2. ਪੇਂਡੂ ਔਰਤਾਂ ਘਰ ਆਏ ਮਹਿਮਾਨ ਦੀ ਸੇਵਾ ਕਿਵੇਂ ਕਰਦੀਆਂ ਹਨ?
3. ਪੰਜਾਬ ਵਿੱਚ ਕਿਹੋ-ਜਿਹੇ ਸਮਾਗਮਾਂ ਦੀ ਗਿਣਤੀ ਵਧ ਗਈ ਹੈ?

## ਘਰ ਦਾ ਕੰਮ

1. ਅੱਜ ਪੰਜਾਬੀ ਖਾਣਿਆਂ ਦੇ ਸੁਆਦ ਕਿਉਂ ਬਦਲ ਗਏ ਹਨ?
2. ਅੱਜ ਲੋਕ ਕਿਹੜੀਆਂ ਬੀਮਾਰੀਆਂ ਦੇ ਸ਼ਿਕਾਰ ਹੋ ਗਏ ਹਨ ਅਤੇ ਕਿਉਂ?

ਪ੍ਰਸ਼ਨਾਂ ਦੇ ਉੱਤਰ ਬੱਚਿਆਂ ਨੂੰ ਲਿਖਣ ਅਤੇ ਯਾਦ ਕਰਨ ਲਈ ਦਿੱਤੇ ਜਾਣਗੇ।

## ਪਾਠ - 2

### ਜੀ ਕਰਦਾ ਮੈਂ ਰੁੱਖ ਬਣ ਜਾਵਾਂ (ਕਵਿਤਾ)

### ਕਵੀ - ਸੁਰਜੀਤ ਸਿੰਘ 'ਮਰਜਾਰਾ'

**ਪੂਰਵ ਗਿਆਨ ਪਰੀਖਿਆ**

ਪੂਰਵ ਗਿਆਨ ਪਰੀਖਿਆ ਲਈ ਬੱਚਿਆਂ ਤੋਂ ਹੇਠ ਲਿਖੇ ਪ੍ਰਸ਼ਨ ਪੁੱਛੇ ਜਾਣਗੇ।

1. ਧਰਤੀ 'ਤੇ ਰੁੱਖਾਂ ਦਾ ਹੋਣਾ ਕਿਉਂ ਜ਼ਰੂਰੀ ਹੈ?
2. ਰੁੱਖ ਸਾਨੂੰ ਕੀ-ਕੀ ਲਾਭ ਦਿੰਦੇ ਹਨ?
3. ਰੁੱਖਾਂ ਤੋਂ ਸਾਨੂੰ ਕਿਹੜੇ-ਕਿਹੜੇ ਫ਼ਲ ਮਿਲਦੇ ਹਨ?

**ਸ਼ਬਦਾਵਲੀ -**

ਵਿਆਕਰਨ ਦੇ ਨਿਯਮਾਂ ਅਨੁਸਾਰ ਸਹੀ ਲਿਖਣ ਅਤੇ ਬੋਲਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।
ਆਮ ਸ਼ਬਦ - ਸਿਰਨਾਵਾਂ, ਵਡਿਆਈ, ਸ਼ੀਹੀਏ, ਸਵਰਗ।

**ਸਮੱਗਰੀ -**

ਚਾਰਟ, ਫ਼ਾਈਲ, ਵਾਈਟ-ਬੋਰਡ, ਮਾਰਕਰ, ਪਾਠ-ਪੁਸਤਕ

**ਅਧਿਆਪਕ ਗਤੀਵਿਧੀ -**

ਕਵਿਤਾ 'ਜੀ ਕਰਦਾ ਮੈਂ ਰੁੱਖ ਬਣ ਜਾਵਾਂ' ਬੱਚਿਆਂ ਕੋਲੋਂ ਲੜੀਵਾਰ ਪੜ੍ਹਾਇਆ ਜਾਵੇਗਾ। ਬੱਚਿਆਂ ਨੂੰ ਔਖੇ ਸ਼ਬਦਾਂ

ਦੇ ਅਰਥ ਦੱਸ ਕੇ ਸਧਾਰਨ ਸ਼ਬਦਾਂ ਵਿਚ ਰੁੱਖ ਦੀ ਮਾਨਵ ਜੀਵਨ ਵਿਚ ਮਹੱਤਤਾ ਬਾਰੇ ਸਮਝਾਇਆ ਜਾਵੇਗਾ। ਕਵਿਤਾ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰਾਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਕਵਿਤਾ ਦਾ ਨਾਟਕੀ ਰੂਪਾਂਤਰਨ ਕਰਕੇ ਜਮਾਤ ਵਿਚ ਦਿਖਾਉਣ ਲਈ ਕਿਹਾ ਜਾਵੇਗਾ।

## ਵਿਦਿਆਰਥੀ ਗਤੀਵਿਧੀ —

ਬੱਚੇ ਕਵਿਤਾ ਨੂੰ ਬੜੇ ਰੌਚਿਕ ਢੰਗ ਨਾਲ ਵਾਰੋ-ਵਾਰੀ ਪੜ੍ਹਨਗੇ। ਉਹ ਅਧਿਆਪਕ ਦੁਆਰਾ ਸਮਝਾਏ ਗਏ ਔਖੇ ਸ਼ਬਦਾਂ ਅਤੇ ਪ੍ਰਸ਼ਨ-ਉੱਤਰਾਂ ਨੂੰ ਆਪਣੀ ਕਾਪੀ ਵਿੱਚ ਲਿਖਣਗੇ। ਕਵਿਤਾ ਨੂੰ ਨਾਟਕੀ ਰੂਪ ਦੇਣ ਲਈ ਕਲਪਨਿਕ ਪਾਤਰ ਬਣਕੇ ਜਮਾਤ ਵਿੱਚ ਪੇਸ਼ ਕਰਨਗੇ।

## ਸਧਾਰਨ ਉਦੇਸ਼ —

ਵਿਦਿਆਰਥੀਆਂ ਨੂੰ ਰੁੱਖਾਂ ਦੀ ਸ਼ਹਿਣਸ਼ੀਲਤਾ ਅਤੇ ਇਨ੍ਹਾਂ ਦੇ ਫ਼ਾਇਦਿਆਂ ਬਾਰੇ ਦੱਸਣਾ।

## ਵਿਸ਼ੇਸ਼ ਉਦੇਸ਼ —

ਵਿਦਿਆਰਥੀਆਂ ਨੂੰ ਦੱਸਣਾ ਕਿ ਰੁੱਖ ਸਾਨੂੰ ਛਾਵਾਂ, ਫਲ, ਫੁੱਲ, ਸੁਖ, ਅਰਾਮ ਦਿੰਦੇ ਹਨ। ਇਨ੍ਹਾਂ 'ਤੇ ਪੰਛੀ ਆਲ੍ਹਣੇ ਬਣਾ ਕੇ ਰਹਿੰਦੇ ਹਨ। ਇਨ੍ਹਾਂ ਦੇ ਜੜ੍ਹਾਂ, ਪੱਤਿਆਂ, ਫੁੱਲਾਂ ਅਤੇ ਫਲਾਂ ਤੋਂ

ਦਵਾਈਆਂ ਬਣਦੀਆਂ ਹਨ। ਇਹ ਹੜ੍ਹਾਂ 'ਤੇ ਰੋਕ ਲਾਉਂਦੇ ਹਨ ਅਤੇ ਵਰਖਾ ਲਿਆਉਣ ਵਿੱਚ ਮਦਦ ਕਰਦੇ ਹਨ।

## ਦੁਹਰਾਈ –

1. ਧਰਤੀ 'ਤੇ ਰੁੱਖਾਂ ਦਾ ਹੋਣਾ ਕਿਉਂ ਜ਼ਰੂਰੀ ਹੈ?
2. ਰੁੱਖ ਸਾਨੂੰ ਕੀ-ਕੀ ਲਾਭ ਦਿੰਦੇ ਹਨ?
3. ਰੁੱਖਾਂ ਦੀ ਛਾਂਵੇਂ ਬੈਠ ਕੇ ਕਿਹੋ-ਜਿਹਾ ਅਰਾਮ ਮਿਲਦਾ ਹੈ?

## ਘਰ ਦਾ ਕੰਮ –

ਰਵੀ ਦੀ ਕੀ-ਕੀ ਬਣਨ ਦੀ ਇੱਛਾ ਹੈ?
ਰੁੱਖਾਂ ਦੀ ਕੀ ਵਡਿਆਈ ਹੈ?
ਰੁੱਖਾਂ ਵਾਂਗ ਜ਼ਿੰਦਗੀ ਜਿਉਣ ਦੇ ਕੀ-ਕੀ ਲਾਭ ਹਨ?

ਸਾਰੇ ਪ੍ਰਸ਼ਨਾਂ ਦੇ ਉੱਤਰ ਕਾਪੀਆਂ 'ਤੇ ਲਿਖਣ ਅਤੇ ਯਾਦ ਕਰਨੇ ਹਨ।

ਜਮਾਤ - ਛੇਵੀਂ ਪਾਠ - 3

# ਇਨਾਮ

ਕਹਾਣੀਕਾਰ — ਪ੍ਰੋ. ਵਿਜੈ ਕੁਮਾਰ

## ਪੂਰਵ ਗਿਆਨ ਪਰੀਖਿਆ

ਪੂਰਵ ਗਿਆਨ ਪਰੀਖਿਆ ਲਈ ਬੱਚਿਆਂ ਤੋਂ ਹੇਠ ਲਿਖੇ ਪ੍ਰਸ਼ਨ ਪੁੱਛੇ ਜਾਣਗੇ।

1. ਸਲਾਨਾ ਸਮਾਗਮ ਕਿਹੜੇ ਮਹੀਨਿਆਂ ਵਿੱਚ ਹੁੰਦੇ ਹਨ?
2. ਸਲਾਨਾ ਸਮਾਗਮ ਕਿਉਂ ਕਰਵਾਏ ਜਾਂਦੇ ਹਨ?
3. ਮਿਹਨਤ ਦਾ ਸਾਡੀ ਜ਼ਿੰਦਗੀ ਵਿੱਚ ਕੀ ਮਹੱਤਵ ਹੈ?

## ਸ਼ਬਦਾਵਲੀ —

ਬੱਚਿਆਂ ਵਿੱਚ ਮਾਤ-ਭਾਸ਼ਾ ਪ੍ਰਤੀ ਰੁਚੀ ਪੈਦਾ ਕਰਨ ਤੇ ਧਿਆਨ ਦਿੱਤਾ ਜਾਵੇਗਾ।

ਆਮ ਸ਼ਬਦ — ਲਾਲਸਾ, ਸਰੋਕਾਰ, ਉਦੇਸ਼, ਸਮਾਗਮ, ਪ੍ਰਤੀਨਿਧ

## ਸਮੱਗਰੀ -

ਚਾਰਟ, ਫ਼ਾਰਜ਼ਨ, ਬਲੈਕ-ਬੋਰਡ, ਮੈਰਕਟਰ, ਪਾਠ-ਪੁਸਤਕ

## ਅਧਿਆਪਕ ਗਤੀਵਿਧੀ -

ਪਾਠ 'ਇਨਾਮ' ਬੱਚਿਆਂ ਕੋਲੋਂ ਕ੍ਰਮਵਾਰ ਪੜ੍ਹਾਇਆ ਜਾਵੇਗਾ। ਬੱਚਿਆਂ ਨੂੰ ਔਖੇ ਸ਼ਬਦਾਂ ਦੇ ਅਰਥ

ਦੱਸ ਕੇ ਸਧਾਰਨ ਸ਼ਬਦਾਂ ਵਿੱਚ ਮਿਹਨਤ ਕਰਨ ਦੀ ਮਹੱਤਤਾ ਸਮਝਾਈ ਜਾਵੇਗੀ। ਪਾਠ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰਾਂ 'ਤੇ ਜਮਾਤ ਵਿੱਚ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਪਾਠ ਦਾ ਨਾਟਕੀ ਰੂਪਾਂਤਰਨ ਕਰਕੇ ਜਮਾਤ ਵਿੱਚ ਦਿਖਾਉਣ ਲਈ ਕਿਹਾ ਜਾਵੇਗਾ।

**ਵਿਦਿਆਰਥੀ ਗਤੀਵਿਧੀ –**

ਬੱਚੇ ਪਾਠ ਨੂੰ ਬੜੇ ਰੌਚਕ ਢੰਗ ਨਾਲ ਵਾਰੋ-ਵਾਰੀ ਪੜ੍ਹਨਗੇ। ਉਹ ਅਧਿਆਪਕ ਦੁਆਰਾ ਸਮਝਾਏ ਗਏ ਔਖੇ ਸ਼ਬਦਾਂ ਅਤੇ ਪ੍ਰਸ਼ਨ-ਉੱਤਰਾਂ ਨੂੰ ਕਾਪੀਆਂ ਵਿੱਚ ਲਿਖਣਗੇ। ਪਾਠ ਨੂੰ ਨਾਟਕੀ ਰੂਪ ਦੇਣ ਲਈ ਕਾਲਪਨਿਕ ਪਾਤਰਾਂ ਰਾਹੀਂ ਜਮਾਤ ਵਿੱਚ ਪੇਸ਼ ਕਰਨਗੇ।

**ਉਦੇਸ਼ –**

ਵਿਦਿਆਰਥੀਆਂ ਨੂੰ ਦੱਸਣਾ ਕਿ ਜ਼ਿੰਦਗੀ ਵਿੱਚ ਸਫ਼ਲਤਾ ਹਾਸਲ ਕਰਨ ਲਈ ਮਿਹਨਤ ਬਹੁਤ ਜ਼ਰੂਰੀ ਹੈ। ਜਿੰਨ੍ਹਾਂ ਵੀ ਵਿਅਕਤੀਆਂ ਨੇ ਜੀਵਨ ਵਿੱਚ ਮੱਲਾਂ ਮਾਰੀਆਂ ਹਨ ਉਹਨਾਂ ਨੇ ਦ੍ਰਿੜ ਇਰਾਦੇ ਅਤੇ ਸਖ਼ਤ ਮਿਹਨਤ ਨਾਲ ਹੀ ਸਫ਼ਲਤਾ ਹਾਸਲ ਕੀਤੀ ਹੈ।

**ਦੁਹਰਾਈ –**

1. ਹੁਸ਼ਿਆਰ ਵਿਦਿਆਰਥੀ ਚੰਗੇ ਨੰਬਰ ਲੈਣ ਲਈ ਕੀ-ਕੀ ਕਰਦੇ ਹਨ?

2. ਕ੍ਰਿਸ਼ਨਾ ਵਿੱਚ ਕਿਹੜਾ ਵਧੀਆ ਗੁਣ ਸੀ?
3. ਕ੍ਰਿਸ਼ਨਾ ਨੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਕੀ ਕੀਤਾ?

ਘਰ ਦਾ ਕੰਮ

1. ਕ੍ਰਿਸ਼ਨਾ ਕਿਹੋ ਜਿਹੀ ਲੜਕੀ ਸੀ? ਅਧਿਆਪਕ ਉਸਨੂੰ ਕੀ ਸਮਝਾਉਂਦੇ ਰਹਿੰਦੇ ਸਨ?
2. ਸਲਾਨਾ ਸਮਾਗਮ ਵਿੱਚ ਮੁੱਖ- ਮਹਿਮਾਨ ਵਜੋਂ ਕੌਣ ਆਏ ਸਨ?

ਪ੍ਰਸ਼ਨਾਂ ਦੇ ਉੱਤਰ ਕਾਪੀਆਂ ਵਿੱਚ ਲਿਖਣ ਅਤੇ ਯਾਦ ਕਰਨ ਲਈ ਦਿੱਤੇ ਜਾਣਗੇ।

ਜਮਾਤ - ਛੇਵੀਂ

ਪਾਠ - ਨਸ਼ਿਆਂ ਦੀ ਮਾਰ (ਕਵਿਤਾ)

ਕਵੀ - ਬਲਵੰਤ ਸਿੰਘ ਸਨੇਹੀ

ਪੂਰਵ ਗਿਆਨ ਪਰੀਖਿਆ -

1. ਨਸ਼ੇ ਕੀ ਹੁੰਦੇ ਹਨ?
2. ਨਸ਼ਿਆਂ ਨੂੰ ਫੈਲਾਉਣ ਵਾਲੇ ਕੀ-ਕੀ ਲਾਭ ਲੈ ਰਹੇ ਹਨ?
3. ਨਸ਼ੇ ਘਰਾਂ ਨੂੰ ਕੰਗਾਲ ਕਿਵੇਂ ਕਰਦੇ ਹਨ?

ਸ਼ਬਦਾਵਲੀ -

ਬੱਚਿਆਂ ਦੀ ਬੁੱਧੀ ਦਾ ਵਿਕਾਸ ਕਰਨਾ ਤੇ ਉਨ੍ਹਾਂ ਦੀ ਮਾਤ-ਭਾਸ਼ਾ ਨੂੰ ਲਿਖਣ ਵਿੱਚ ਰੁਚੀ ਪੈਦਾ ਕਰਨੀ।

ਆਮ ਸ਼ਬਦ - ਕੰਗਾਲ, ਕੋਠੀ, ਪ੍ਰਵੇਸ਼, ਕਲੇਸ਼, ਮਾਲਾ-ਮਾਲ

ਸਮੱਗਰੀ -

ਚਾਕ, ਡਾਸਟਰ, ਮਾਰਕਰ, ਬਲੈਕ-ਬੋਰਡ, ਪਾਠ-ਪੁਸਤਕ

ਅਧਿਆਪਕ ਗਤੀਵਿਧੀ -

ਜਮਾਤ ਵਿੱਚ ਕਵਿਤਾ ਨੂੰ ਅਧਿਆਪਕ ਵੱਲੋਂ ਲੈਅ ਵਿੱਚ ਪੜ੍ਹਿਆ ਜਾਵੇਗਾ। ਬੱਚਿਆਂ ਨੂੰ ਪੰਜਾਬੀਆਂ ਦੇ ਸਿਦਕ ਤੇ ਸੂਰਮੇ ਯੋਧਿਆਂ ਦੀਆਂ ਉਦਾਹਰਨਾਂ ਦੇ ਕੇ ਨਸ਼ੇ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਕੇ ਹਮੇਸ਼ਾ

ਇਨ੍ਹਾਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ ਜਾਵੇਗੀ। ਅਧਿਆਪਕ ਬੱਚਿਆਂ ਨੂੰ ਕਵਿਤਾ ਦਾ ਨਾਟਕੀ ਰੂਪ ਵਿੱਚ ਰੂਪਾਂਤਰਨ ਕਰਨ ਲਈ ਪ੍ਰੇਰਿਤ ਕਰੇਗਾ।

**ਵਿਦਿਆਰਥੀ ਗਤੀਵਿਧੀ -**

ਬੱਚੇ ਜਮਾਤ ਵਿੱਚ ਨਸ਼ਿਆਂ ਦੇ ਬੁਰੇ ਨਤੀਜਿਆਂ ਨਾਲ ਸੰਬੰਧਿਤ ਭਾਸ਼ਣ ਨੂੰ ਧਿਆਨ ਨਾਲ ਸੁਣਨਗੇ। ਬੱਚੇ ਕਾਲਪਨਿਕ ਪਾਤਰਾਂ ਰਾਹੀਂ ਇਸ ਸਮਾਜਿਕ ਬੁਰਾਈ ਦੀ ਨਾਟਕੀ ਰੂਪ ਵਿੱਚ ਪੇਸ਼ਕਾਰੀ ਕਰਨਗੇ।

**ਉਦੇਸ਼ -**

ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦੇਣਾ। ਉਨ੍ਹਾਂ ਨੂੰ ਦੱਸਣਾ ਕਿ ਨਸ਼ਾ ਕੋਈ ਵੀ ਹੋਵੇ ਮਾੜਾ ਹੈ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇਸ ਤੋਂ ਬਚਣ ਦਾ ਇੱਕੋ-ਇੱਕ ਉਪਾਅ ਹੈ ਆਪਣੇ ਆਪ ਨੂੰ ਵੱਧ ਤੋਂ ਵੱਧ ਕੰਮਾਂ ਕਾਰਾਂ ਵਿੱਚ ਲਗਾ ਕੇ ਰੱਖਣਾ ਕਿਉਂਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ।

**ਦੁਹਰਾਈ -**

1. ਨਸ਼ੇ ਕੀ-ਕੀ ਨੁਕਸਾਨ ਕਰਦੇ ਹਨ?
2. ਨਸ਼ਿਆਂ ਨਾਲ ਘਰਾਂ ਵਿੱਚ ਕੀ ਮੰਦਾ ਹੋਇਆ ਹੈ?

3. ਨਸ਼ਿਆਂ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ?

ਪਾਠ ਦਾ ਸਾਰ —

1. ਇਸ ਪਾਠ ਵਿੱਚ ਵੱਖਰੇ-ਵੱਖਰੇ ਨਸ਼ਿਆਂ ਦੇ ਨਾਂ ਆਏ ਹਨ?
2. ਨਸ਼ਿਆਂ ਦੇ ਰੋਗ ਨੂੰ ਜੜ੍ਹੋਂ ਉਖਾੜਨ ਤੋਂ ਕੀ ਭਾਵ ਹੈ?
3. ਪਹਿਲਾਂ ਪੰਜਾਬ ਕਿਹੋ-ਜਿਹਾ ਸੀ?

ਸਾਰੇ ਪ੍ਰਸ਼ਨਾਂ ਦੇ ਉੱਤਰ ਕਾਪੀਆਂ ਵਿੱਚ ਲਿਖਣ ਅਤੇ ਯਾਦ ਕਰਨ ਲਈ ਕਿਹਾ ਜਾਵੇਗਾ।

ਜਮਾਤ – ਛੇਵੀਂ

ਪਾਠ – ਮਾਹੌਲ ਬਦਲ ਗਿਆ

ਰਚਨਾਕਾਰ – ਦਰਸ਼ਨ ਸਿੰਘ 'ਆਸ਼ਟ'

## ਪੂਰਵ ਗਿਆਨ ਪਰੀਖਿਆ –

1. ਤੁਸੀਂ ਆਪਣੇ ਮੰਮੀ-ਪਾਪਾ ਨਾਲ ਘਰ ਵਿੱਚ ਕਿਹੜੇ-ਕਿਹੜੇ ਕੰਮਾਂ ਵਿੱਚ ਹੱਥ ਵਟਾਉਂਦੇ ਹੋ?
2. ਤੁਸੀਂ ਆਪਣੇ ਦੋਸਤਾਂ ਦੀ ਕਿਹੜੇ ਕੰਮਾਂ ਵਿੱਚ ਮਦਦ ਕਰਦੇ ਹੋ?

## ਸ਼ਬਦਾਵਲੀ –

ਖ਼ਾਸ ਸ਼ਬਦ – ਤਣਾਓ, ਮੁਲਾਜ਼ਮ, ਸਮੱਰਥਾ, ਰਵਾਨਾ, ਵਿਹਰ

## ਸਮੱਗਰੀ –

ਚਾਕ, ਝਾੜਨ, ਬਲੈਕ-ਬੋਰਡ, ਚਾਰਟ, ਪਾਠ-ਪੁਸਤਕ

## ਅਧਿਆਪਕ ਗਤੀਵਿਧੀ –

ਪਾਠ "ਮਾਹੌਲ ਬਦਲ ਗਿਆ" ਬੱਚਿਆਂ ਕੋਲੋਂ ਕ੍ਰਮਵਾਰ ਪੜ੍ਹਾਇਆ ਜਾਵੇਗਾ। ਬੱਚਿਆਂ ਨੂੰ ਔਖੇ ਸ਼ਬਦਾਂ ਦੇ ਅਰਥ ਦੱਸ ਕੇ ਸਧਾਰਨ ਸ਼ਬਦਾਂ ਵਿੱਚ ਘਰ ਦੇ ਕੰਮਾਂ ਵਿੱਚ ਮੰਮੀ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਪਾਠ ਵਿਚਲੇ ਪ੍ਰਸ਼ਨਾਂ ਦੇ ਉੱਤਰਾਂ 'ਤੇ ਜਮਾਤ

ਵਿਚ ਵਿਚਾਰ ਵਟਾਂਦਰਾ ਕੀਤਾ ਜਾਏਗਾ।
ਪਾਠ ਦਾ ਨਾਟਕੀ ਰੂਪਾਂਤਰਨ ਕਰਕੇ ਜਮਾਤ ਵਿਚ ਦਿਖਾਉਣ ਲਈ ਕਿਹਾ ਜਾਏਗਾ।

**ਵਿਦਿਆਰਥੀ ਗਤੀਵਿਧੀ –**

ਬੱਚੇ ਪਾਠ ਨੂੰ ਰੋਚਕ ਢੰਗ ਨਾਲ ਵਾਰੋ-ਵਾਰੀ ਪੜ੍ਹਨਗੇ। ਉਹ ਅਧਿਆਪਕ ਦੁਆਰਾ ਸਮਝਾਏ ਗਏ ਔਖੇ ਸ਼ਬਦਾਂ ਅਤੇ ਪ੍ਰਸ਼ਨ-ਉੱਤਰਾਂ ਨੂੰ ਕਾਪੀਆਂ ਵਿਚ ਲਿਖਣਗੇ। ਪਾਠ ਨੂੰ ਨਾਟਕੀ ਰੂਪ ਦੇਣ ਲਈ ਕਾਲਪਨਿਕ ਪਾਤਰਾਂ ਰਾਹੀਂ ਜਮਾਤ ਵਿਚ ਪੇਸ਼ ਕਰਨਗੇ।

**ਉਦੇਸ਼ –**

ਵਿਦਿਆਰਥੀਆਂ ਨੂੰ ਘਰ ਦੇ ਕੰਮਾਂ ਵਿਚ ਮਾਤਾ-ਪਿਤਾ ਦੇ ਨਾਲ ਹੱਥ ਵਟਾਉਣ ਦੀ ਪ੍ਰੇਰਨਾ ਦੇਣਾ। ਅਜਿਹਾ ਕਰਨ ਨਾਲ ਹੱਥੀਂ ਕੰਮ ਕਰਨ ਦੀ ਆਦਤ ਤਾਂ ਪੈਂਦੀ ਹੀ ਹੈ ਬੱਚਿਆਂ ਵਿਚ ਦੂਜਿਆਂ ਦੀ ਮਦਦ ਕਰਨ ਦੀ ਆਦਤ ਬਣਦੀ ਹੈ।

**ਦੁਹਰਾਈ**

1. ਮੰਮੀ ਨੇ ਨਿਤਿਨ ਨੂੰ ਆਪਣੇ ਮੂਡ ਠੀਕ ਨਾ ਹੋਣ ਦਾ ਕੀ ਕਾਰਨ ਦੱਸਿਆ?
2. ਕਿਸਾਨ ਦਾ ਬਲਦ ਬੇਹੋਸ਼ ਕਿਉਂ ਹੋ ਗਿਆ ਸੀ?

3. ਨਿਤਿਨ ਦੀ ਮੰਮੀ ਖਿਝੀ-ਖਪੀ ਕਿਉਂ ਰਹਿੰਦੀ ਸੀ?

ਪਾਠ ਦਾ ਕੰਮ –

1. ਘਰ ਦਾ ਮਾਹੌਲ ਤਣਾਉ ਭਰਿਆ ਕਿਉਂ ਰਹਿੰਦਾ ਸੀ?
2. ਘਰ ਦਾ ਮਾਹੌਲ ਕਿਸਨੇ, ਕੀ ਕਰਕੇ, ਕਿਵੇਂ ਠੀਕ ਕੀਤਾ?
3. ਟੀ.ਵੀ. ਮੋਹਰੇ ਬੈਠੇ ਨਿਤਿਨ ਦੇ ਪਾਪਾ ਕੀ ਸੋਚ ਰਹੇ ਸਨ?

ਸਾਰੇ ਪ੍ਰਸ਼ਨਾਂ ਦੇ ਉੱਤਰ ਕਾਪੀਆਂ ਵਿੱਚ ਲਿਖਣ ਅਤੇ ਯਾਦ ਕਰਨ ਲਈ ਕਿਹਾ ਜਾਵੇਗਾ।

ਜਮਾਤ - ਛੇਵੀਂ

ਪਾਠ - ਰਿਸ਼ਵਤ ਖੋਰੀ ਨਹੀਂ ਚਲੇਗੀ (ਇਕਾਂਗੀ)

## ਪੂਰਵ ਗਿਆਨ ਦੀ ਪਰੀਖਿਆ -

1. ਰਿਸ਼ਵਤ ਖੋਰੀ ਦੇ ਕੀ-ਕੀ ਨੁਕਸਾਨ ਹਨ?
2. ਇਮਾਨਦਾਰੀ ਦੀ ਕਮਾਈ ਦੇ ਕੋਈ ਤਿੰਨ ਲਾਭ ਦੱਸੋ।
3. ਰਿਸ਼ਵਤ ਖੋਰਾਂ ਦੀ ਸਮਾਜ ਵਿੱਚ ਕਿਹੋ-ਜਿਹੀ ਹਾਲਤ ਹੁੰਦੀ ਹੈ?

## ਸ਼ਬਦਾਵਲੀ -

ਆਮ-ਸ਼ਬਦ - ਰਿਸ਼ਵਤਖੋਰੀ, ਤਲਬ, ਮਲਟੀਨੈਸ਼ਨਲ, ਕਸੂਰ, ਇਜਾਜ਼ਤ, ਔਲਾਦ, ਈਮਾਨ

## ਸਮੱਗਰੀ -

ਚਾਕ, ਡਾਸਟਰ, ਬਲੈਕ-ਬੋਰਡ, ਪਾਠ-ਪੁਸਤਕ

## ਅਧਿਆਪਕ ਗਤੀਵਿਧੀ -

ਪਾਠ 'ਰਿਸ਼ਵਤਖੋਰੀ ਨਹੀਂ ਚਲੇਗੀ' ਬੱਚਿਆਂ ਕੋਲੋਂ ਕ੍ਰਮਵਾਰ ਪੜ੍ਹਾਇਆ ਜਾਵੇਗੀ। ਔਖੇ ਸ਼ਬਦਾਂ ਦੇ ਅਰਥ ਦੱਸ ਕੇ ਸਧਾਰਨ ਸ਼ਬਦਾਂ ਵਿੱਚ ਰਿਸ਼ਵਤਖੋਰੀ

ਦੇ ਨੁਕਸਾਨਾਂ ਬਾਰੇ ਦੱਸਿਆ ਜਾਵੇਗਾ ਅਤੇ ਮਿਹਨਤ ਦੀ ਕਮਾਈ ਦੇ ਫ਼ਾਇਦੇ ਦੱਸ ਕੇ ਇਮਾਨਦਾਰ ਬਣਨ ਲਈ ਪ੍ਰੇਰਿਤ ਕੀਤਾ ਜਾਵੇਗਾ।

## ਵਿਦਿਆਰਥੀ ਗਤੀਵਿਧੀ -

ਬੱਚੇ ਪਾਠ ਨੂੰ ਰੋਚਕ ਢੰਗ ਨਾਲ ਵਾਰੋ-ਵਾਰੀ ਪੜ੍ਹਨਗੇ। ਬੱਚੇ ਅਧਿਆਪਕ ਦੁਆਰਾ ਸਮਝਾਏ ਗਏ ਔਖੇ ਸ਼ਬਦਾਂ ਅਤੇ ਪ੍ਰਸ਼ਨ-ਉੱਤਰ ਕਾਪੀਆਂ ਤੇ ਨੋਟ ਕਰਨਗੇ। ਪਾਠ ਨੂੰ ਨਾਟਕੀ ਰੂਪ ਵਿੱਚ ਕਾਲਪਨਿਕ ਪਾਤਰ ਰਾਹੀਂ ਜਮਾਤ ਵਿੱਚ ਪੇਸ਼ ਕਰਨਗੇ।

## ਉਦੇਸ਼ -

ਵਿਦਿਆਰਥੀਆਂ ਨੂੰ ਇਮਾਨਦਾਰੀ ਦੀ ਕਮਾਈ ਕਰਨ ਅਤੇ ਬੇਈਮਾਨੀ, ਰਿਸ਼ਵਤਖ਼ੋਰੀ ਦੀ ਕਮਾਈ ਤੋਂ ਦੂਰ ਰਹਿਣ ਦੀ ਪ੍ਰੇਰਨਾ ਦੇਣਾ।

## ਦੁਹਰਾਈ -

1. ਮੰਜੀਤ ਮਿੱਤਲ ਦੀ ਬੇਟੀ ਦਾ ਕੀ ਨਾਂ ਹੈ ਤੇ ਉਹ ਕੀ ਕਰਦੀ ਹੈ?
2. ਰਿਸ਼ਵਤਖ਼ੋਰ ਕੋਲ ਕੀ ਨਹੀਂ ਹੁੰਦਾ?
3. ਦੋ ਨੰਬਰ ਦੀ ਕਮਾਈ ਥੋੜ੍ਹੇ ਸਮੇਂ ਲਈ ਕੀ ਦਿਖਾਉਂਦੀ ਹੈ?

ਘਰ ਦਾ ਕੰਮ –

1. ਮੈਜੀਵ ਮਿੱਤਲ ਤੇ ਉਸਦਾ ਪਰਿਵਾਰ ਕਿਥੇ ਜਾਣਾ ਸੀ ?
2. ਰਮੇਸ਼ ਤੇ ਸੁਰੇਸ਼ ਮੈਜੀਵ ਮਿੱਤਲ ਨੂੰ ਕੀ ਕਰਨ ਲਈ ਕਹਿੰਦੇ ਹਨ ?
3. ਕਿਨਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਮੈਜੀਵ ਮਿੱਤਲ ਇੱਕ ਇਮਾਨਦਾਰ ਅਫ਼ਸਰ ਹੈ ?

ਸਾਰੇ ਪ੍ਰਸ਼ਨਾਂ ਦੇ ਉੱਤਰ ਕਾਪੀਆਂ ਵਿੱਚ ਲਿਖਣ ਅਤੇ ਯਾਦ ਕਰਨ ਲਈ ਦਿਤਾ ਜਾਵੇਗਾ।

# ਵਿਆਕਰਨ
## ਜਮਾਤ – ਛੇਵੀਂ

ਸਮੱਗਰੀ – ਚਾਕ, ਡਸਟਰ, ਬਲੈਕਬੋਰਡ, ਮੈਕੇਤਕ, ਵਿਆਕਰਨ

ਵਿਸ਼ੇਸ਼ ਸਮੱਗਰੀ :– ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਅਗੇਤਰ, ਪਿਛੇਤਰ, ਅਸ਼ੁੱਧ-ਸ਼ੁੱਧ, ਵਿਸਰਾਮ ਚਿੰਨ੍ਹ ਆਦਿ ਦਾ ਚਾਰਟ ਜਾਂ ਸਮਾਰਟ ਬੋਰਡ।

ਸਧਾਰਨ ਉਦੇਸ਼ :– ਬਹੁਪੱਖੀ ਪ੍ਰਤਿਭਾ ਦਾ ਵਿਕਾਸ ਕਰਨਾ, ਵਿਆਕਰਨ ਦੇ ਨਿਯਮਾਂ ਤੋਂ ਜਾਣੂ ਕਰਵਾਉਣਾ। ਪੰਜਾਬੀ ਭਾਸ਼ਾ ਦੇ ਵਿਆਕਰਨ ਤੋਂ ਜਾਣੂ ਕਰਵਾਉਣਾ।

ਵਿਸ਼ੇਸ਼ ਉਦੇਸ਼ :– ਬੱਚਿਆਂ ਨੂੰ ਲਿੰਗ ਬਦਲੋ ਦੀ ਪਰਿਭਾਸ਼ਾ ਦੇ ਕੇ ਉਦਾਹਰਨਾਂ ਨਾਲ ਪੂਰਨ ਜਾਣਕਾਰੀ ਦੇਣਾ
ਜਿਵੇਂ :– ਰਾਜਾ - ਰਾਣੀ, ਮੋਰ - ਮੋਰਨੀ।

ਵਚਨ ਬਦਲੋ ਦਾ ਵੀ ਪਹਿਲਾਂ ਉਦਾਹਰਨਾਂ ਸਮੇਤ ਪਰਿਭਾਸ਼ਾ ਸਮਝਾਕੇ ਬਦਲਨਾ ਦੱਸਿਆ ਜਾਵੇਗਾ।
ਜਿਵੇਂ :– ਬੱਸ - ਬੱਸਾਂ, ਘੜੀ - ਘੜੀਆਂ

ਵਿਰੋਧੀ ਸ਼ਬਦ, ਅਗੇਤਰ, ਪਿਛੇਤਰ, ਅਸ਼ੁੱਧ-ਸ਼ੁੱਧ ਅਤੇ ਵਿਸ਼ਰਾਮ ਚਿੰਨ੍ਹਾਂ ਦੀ ਬੱਚਿਆਂ ਨੂੰ ਵਿਆਕਰਨ ਨਿਯਮਾਂ ਅਨੁਸਾਰ ਕਿਵੇਂ ਲਿਖਿਆ ਜਾਂਦਾ ਹੈ, ਪੂਰਨ ਜਾਣਕਾਰੀ ਦਿੱਤੀ ਜਾਵੇਗੀ। ਚਾਰਟ ਦਿਖਾ ਕੇ ਸਮਝਾਇਆ ਜਾਵੇਗਾ।

**ਅਧਿਆਪਕ ਵਿਧੀ:-**

ਵਿਆਕਰਨ ਦੇ ਛੋਟੇ ਵਿਸ਼ਿਆਂ ਜਿਵੇਂ ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ, ਅਗੇਤਰ, ਪਿਛੇਤਰ, ਅਸ਼ੁੱਧ-ਸ਼ੁੱਧ, ਵਿਸ਼ਰਾਮ ਚਿੰਨ੍ਹ, ਆਦਿ ਨੂੰ ਉਦਾਹਰਨਾਂ ਸਮੇਤ ਪਰਿਭਾਸ਼ਾ ਦੱਸ ਕੇ ਉਨ੍ਹਾਂ ਦੇ ਬਦਲਣ ਦੇ ਨਿਯਮਾਂ ਨੂੰ ਸਮਝਾਇਆ ਜਾਵੇਗਾ। ਅਸ਼ੁੱਧ ਸ਼ਬਦਾਂ ਨੂੰ ਸਹੀ ਢੰਗ ਨਾਲ ਲਿਖਣ ਦੇ ਸਹੀ ਤਰੀਕੇ ਬਾਰੇ ਸਮਝਾਇਆ ਜਾਵੇਗਾ।

**ਵਿਦਿਆਰਥੀ ਗਤੀਵਿਧੀ:-**

ਬੱਚੇ ਵਿਆਕਰਨ ਦੇ ਛੋਟੇ ਵਿਸ਼ਿਆਂ ਬਾਰੇ ਜਾਣਕਾਰੀ ਲੈ ਕੇ ਸ਼ੁੱਧ ਅਤੇ ਸੋਹਣੀ ਲਿਖਾਈ ਵਿਚ ਲਿਖਣਗੇ। ਜਮਾਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣਗੇ।

ਬੱਚੇ ਆਪਣੇ ਸਹਿਪਾਠੀਆਂ ਦੇ ਸਹਿਯੋਗ ਨਾਲ ਵਿਆਕਰਨ ਦੇ ਵਿਸ਼ਿਆਂ ਨੂੰ ਨਾਟਕ ਜਾਂ ਗੀਤ ਦੇ ਰੂਪ ਵਿਚ ਪੇਸ਼ ਕਰਨਗੇ।

ਦੁਹਰਾਈ :-

1. ਲਿੰਗ ਕਿਸਨੂੰ ਆਖਦੇ ਹਨ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
2. ਵਚਨ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਉਦਾਹਰਨ ਦਿਓ।
3. ਜਿਸ ਵਾਕ ਵਿੱਚ ਪ੍ਰਸ਼ਨ ਪੁੱਛਿਆ ਹੋਵੇ ਉਸਦੇ ਪਿੱਛੇ ਕਿਹੜਾ ਵਿਸ਼ਰਾਮ ਚਿੰਨ੍ਹ ਲੱਗਦਾ ਹੈ?

ਘਰ ਦਾ ਕੰਮ :-

ਬੱਚਿਆਂ ਨੂੰ ਵਿਆਕਰਨ ਦੇ ਛੋਟੇ ਹਿਸਿਆਂ ਨੂੰ ਵਿਆਕਰਨ ਦੀ ਕਿਤਾਬ ਵਿੱਚੋਂ ਲਿਖਕੇ ਤੇ ਯਾਦ ਕਰਕੇ ਆਉਣ ਲਈ ਕਿਹਾ ਜਾਵੇਗਾ।

ਜਮਾਤ - ਛੇਵੀਂ
ਲੇਖ ਰਚਨਾ

ਵਿਸ਼ਾ :-
ਵਿਦਿਆਰਥੀਆਂ ਨੂੰ ਲੇਖ ਬਾਰੇ ਆਪਣੇ ਵਿਚਾਰਾਂ ਅਨੁਸਾਰ ਸੁਚੱਜੇ ਢੰਗ ਨਾਲ ਲਿਖਣ ਦੇ ਯੋਗ ਬਣਾਉਣਾ।

ਉਦੇਸ਼ :-
ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੇ ਸਮਰੱਥ ਬਣਾਉਣਾ।
ਬੱਚਿਆਂ ਨੂੰ ਪੰਜਾਬੀ ਭਾਸ਼ਾ ਨੂੰ ਸਹੀ ਢੰਗ ਨਾਲ ਲਿਖਣ ਅਤੇ ਬੋਲਣ ਦੀ ਜਾਣਕਾਰੀ ਦੇਣਾ।

ਉਪ- ਵਿਸ਼ੇ ਦੀ ਘੋਸ਼ਣਾ :-
ਬੱਚਿਆਂ ਨੂੰ ਲੇਖ ਦੇ ਉਪ- ਵਿਸ਼ੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਜੇਕਰ ਵਿਸ਼ਾ ਗੁਰੂ ਸਾਹਿਬਾਨ ਬਾਰੇ ਹੋਵੇਗਾ ਤਾਂ ਗੁਰੂਆਂ ਦੀਆਂ ਜੀਵਨੀਆਂ ਬਾਰੇ ਜਾਣਕਾਰੀ ਦੇ ਕੇ ਗਿਆਨ ਦਿੱਤਾ ਜਾਵੇਗਾ ਤੇ ਜੇਕਰ ਵਿਸ਼ਾ ਆਮ ਜ਼ਿੰਦਗੀ ਵਿੱਚੋਂ ਹੈ ਤਾਂ ਜੀਵਨ ਨਾਲ ਸੰਬੰਧਿਤ ਘਟਨਾਵਾਂ ਬਾਰੇ ਗਿਆਨ ਦੇ ਕੇ ਸਮਝਾਇਆ ਜਾਵੇਗਾ।

**ਵਿਧੀ :-**

ਵਿਚਾਰ ਪ੍ਰਧਾਨ ਲੇਖ ਲਿਖਣ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ।

ਲੇਖ ਦੇ ਆਰੰਭ, ਮੱਧ ਤੇ ਅੰਤ ਬਾਰੇ ਦੱਸਿਆ ਜਾਵੇਗਾ।

ਲੇਖ ਲਿਖਦੇ ਸਮੇਂ ਭਾਸ਼ਾ ਕਿਹੋ-ਜਿਹੀ ਹੋਣੀ ਚਾਹੀਦੀ ਹੈ, ਦੱਸਿਆ ਜਾਵੇਗਾ।

**ਹੋਰ ਕਿਰਿਆਵਾਂ :-**

ਬੱਚਿਆਂ ਨਾਲ ਸਮਾਜ ਵਿੱਚ ਚਲੰਤ ਮਾਮਲਿਆਂ, ਘਟਨਾਵਾਂ ਅਤੇ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਬੱਚਿਆਂ ਦੇ ਵਿਚਾਰ ਸੁਣੇ ਜਾਣਗੇ ਅਤੇ ਆਪਸ ਵਿੱਚ ਵਾਦ- ਵਿਵਾਦ ਵੀ ਕਰਵਾਇਆ ਜਾਵੇਗਾ।

**ਮੁੱਲਾਂਕਣ :-**

ਹੇਠ ਦਿੱਤੀਆਂ ਵਿਧੀਆਂ ਦੁਆਰਾ ਮੁਲਾਂਕਣ ਕੀਤਾ ਜਾਵੇਗਾ ਜਿਵੇਂ :-

'ਘਰ ਤੋਂ ਕਿਸੇ ਵਿਸ਼ੇ 'ਤੇ ਆਪਣੇ ਵਿਚਾਰ ਲਿਖਕੇ
ਗਤੀਵਿਧੀ (ਚਾਰਟ) ਪਰੀਖਿਆ।

## ਜਮਾਤ - ਛੇਵੀਂ
## ਅਰਜ਼ੀਆਂ ਅਤੇ ਪੱਤਰ

**ਪੂਰਵ ਗਿਆਨ ਪਰੀਖਿਆ :-**

1. ਇੱਕ ਥਾਂ ਤੋਂ ਦੂਜੀ ਥਾਂ ਤਕ ਦੂਰ-ਦੁਰਾਡੇ ਸੁਨੇਹਾ ਭੇਜਣ ਦੇ ਕਿਹੜੇ ਸਾਧਨ ਹਨ?
2. ਕੀ ਤੁਸੀਂ ਆਪਣੇ ਕਿਸੇ ਰਿਸ਼ਤੇਦਾਰ ਜਾਂ ਦੋਸਤ-ਮਿੱਤਰ ਨੂੰ ਚਿੱਠੀ ਪੱਤਰ ਲਿਖਕੇ ਭੇਜਿਆ ਹੈ?

**ਸ਼ਬਦਾਵਲੀ :-**

ਅਲੱਗ-ਅਲੱਗ ਪ੍ਰਕਾਰ ਦੇ ਪੱਤਰ ਹੁੰਦੇ ਹਨ, ਜਿਨ੍ਹਾਂ ਵਿੱਚ ਖ਼ਾਸ ਸ਼ਬਦਾਂ ਦੀ ਵਰਤੋਂ ਹੁੰਦੀ ਹੈ।
ਖ਼ਾਸ ਸ਼ਬਦ - ਧੰਨਵਾਦ, ਆਗਿਆਕਾਰੀ, ਕਿਰਪਾ, ਵਿਸ਼ਵਾਸ-ਪਾਤਰ

**ਸਮੱਗਰੀ :-**

ਚਾਕ, ਬਲੈਕ-ਬੋਰਡ, ਡਸਟਰ

**ਅਧਿਆਪਕ ਗਤੀਵਿਧੀ :-**

ਬੱਚਿਆਂ ਨੂੰ ਸਮਝਾਇਆ ਜਾਵੇਗਾ ਕਿ ਪੱਤਰ ਕਈ ਪ੍ਰਕਾਰ ਦੇ ਹੁੰਦੇ ਹਨ ਜਿਵੇਂ:

* ਬਿਨੈ-ਪੱਤਰ ਜਾਂ ਅਰਜ਼ੀਆਂ
* ਨਿੱਜੀ ਜਾਂ ਘਰੋਗੀ ਪੱਤਰ
* ਵਪਾਰਕ ਪੱਤਰ
* ਦਫ਼ਤਰੀ ਪੱਤਰ
* ਫੁਟਕਲ ਪੱਤਰ.

ਬੱਚਿਆਂ ਨੂੰ ਉਨ੍ਹਾਂ ਦੇ ਸਿਲੇਬਸ ਅਨੁਸਾਰ ਨਿੱਜੀ ਜਾ ਘਰੋਗੀ ਪੱਤਰ ਬਾਰੇ ਵਿਸਥਾਰ ਵਿੱਚ ਦੱਸਿਆ ਜਾਵੇਗਾ।

**ਨਿੱਜੀ ਜਾਂ ਘਰੋਗੀ ਪੱਤਰ :-**

ਇਹ ਪੱਤਰ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਜਾਂ ਸਹੇਲੀਆਂ ਨੂੰ ਘਰੋਗੀ ਜੀਵਨ ਨਾਲ ਸੰਬੰਧਿਤ ਸੁਨੇਹੇ ਦੇਣ ਲਈ ਲਿਖੇ ਜਾਂਦੇ ਹਨ।

ਇਸ ਤੋਂ ਬਾਅਦ ਪੱਤਰ ਦੇ ਪੰਜ ਭਾਗਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਜਿਵੇਂ:-

(ੳ) ਆਰੰਭ (ਅ) ਸੰਬੋਧਨ
(ੲ) ਮੱਧ ਭਾਗ (ਸ) ਸਿਰਨਾਵਾਂ
(ਹ) ਅੰਤਿਮ ਭਾਗ

ਭਾਗਾਂ ਦੀ ਜਾਣਕਾਰੀ ਤੋਂ ਬਾਅਦ ਵਿਸ਼ੇਸ਼ ਰੂਪ ਵਿੱਚ ਕਾਪੀਆਂ ਵਿੱਚ ਲਿਖਕੇ ਸਿਖਾਏ ਜਾਣਗੇ।

**ਵਿਦਿਆਰਥੀ ਗਤੀਵਿਧੀ :-** ਬੱਚੇ ਚਿੱਠੀ-ਪੱਤਰਾਂ ਦੇ ਰੂਪਾਂ ਦੀ ਪੂਰਨ ਜਾਣਕਾਰੀ ਲੈ ਕੇ ਉਨ੍ਹਾਂ ਨੂੰ ਲਿਖਣ ਦੇ ਢੰਗ ਬਾਰੇ ਮੁਹਾਰਤ ਪ੍ਰਾਪਤ ਕਰਨਗੇ। ਅਧਿਆਪਕ ਵੱਲੋਂ ਸਮਝਾਏ ਗਏ ਲਿਖਣ ਦੇ ਢੰਗ ਅਨੁਸਾਰ ਉਹ ਚਿੱਠੀ-ਪੱਤਰ ਆਪਣੀਆਂ ਕਾਪੀਆਂ ਵਿੱਚ ਲਿਖਣਗੇ।

**ਉਦੇਸ਼**

**ਸਧਾਰਨ ਉਦੇਸ਼ :-** ਬੱਚਿਆਂ ਨੂੰ ਵਿਆਕਰਨ ਨਾਲ ਸੰਬੰਧਿਤ ਮਹੱਤਵਪੂਰਨ ਨਿਯਮਾਂ ਬਾਰੇ ਜਾਣਕਾਰੀ ਦੇਣਾ।

ਪੰਜਾਬੀ ਭਾਸ਼ਾ ਨੂੰ ਸਹੀ ਲਿਖਣ ਅਤੇ ਬੋਲਣ ਸ਼ਕਤੀ ਦਾ ਵਾਧਾ ਕਰਨਾ।

**ਵਿਸ਼ੇਸ਼ ਉਦੇਸ਼ :-** ਬੱਚਿਆਂ ਨੂੰ ਚਿੱਠੀ ਪੱਤਰ ਲਿਖਣ ਲਈ ਉਤਸ਼ਾਹਿਤ ਕਰਨਾ।

ਵਿਦਿਆਰਥੀਆਂ ਵਿੱਚ ਆਪਣੇ ਵਿਚਾਰ ਲਿਖਣ ਦੀ ਰੁਚੀ ਪੈਦਾ ਕਰਨਾ।

## ਦੁਹਰਾਈ :-

ਦੁਹਰਾਈ ਵਿੱਚ ਬੱਚਿਆਂ ਤੋਂ ਪੱਤਰ ਲਿਖਾਏ ਜਾਣਗੇ। ਜਿਵੇਂ :-

* ਆਪਣੀ ਸਹੇਲੀ ਨੂੰ ਚਿੱਠੀ ਲਿਖੋ ਕਿ ਤੁਸੀਂ ਛੁੱਟੀਆਂ ਕਿਵੇਂ ਬਿਤਾਈਆਂ।
* ਆਪਣੇ ਚਾਚਾ ਜੀ ਨੂੰ ਜਨਮ-ਦਿਨ 'ਤੇ ਭੇਜੇ ਗਏ ਤੋਹਫ਼ੇ ਲਈ ਧੰਨਵਾਦ ਪੱਤਰ ਲਿਖੋ।

## ਘਰ ਦਾ ਕੰਮ :-

ਵਿਦਿਆਰਥੀਆਂ ਨੂੰ ਘਰ ਤੋਂ ਉੱਤਰ ਕਾਪੀਆਂ ਵਿੱਚ ਚਿੱਠੀ-ਪੱਤਰ ਲਿਖਣ ਲਈ ਦਿੱਤੇ ਜਾਣਗੇ।